**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ 3/9/ਆਈਸੀਟੀ/45923
ਮਿਤੀ ਚੰਡੀਗੜ੍ਹ 09 ਜੁਲਾਈ, 2010

**ਵਿਸਾ ਸਟੇਸਨਰੀ ਗ੍ਰਾਂਟ ਵਿੱਚੋ ਲੇਜਰ ਪ੍ਰਿੰਟਰ ਖਰੀਦਣ ਬਾਰੇ ।**

1.0 ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਪਿਛਲੇ ਦਿਨੀ ਸਕੂਲਾਂ ਦੇ ਨਿਰੀਖਣਾਂ ਦੌਰਾਨ ਅਤੇ ਜ਼ਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮੀਟਿੰਗਾਂ ਦੌਰਾਨ ਆਈ.ਸੀ.ਟੀ. ਪ੍ਰੋਜੈਕਟ ਤਹਿਤ ਕੁੱਝ ਸੁਝਾਅ ਪ੍ਰਾਪਤ ਹੋਏ ਹਨ । ਇਹ ਸੁਝਾਅ ਕੰਪਿਊਟਰ ਅਧਿਆਪਕਾਂ ਵੱਲੋਂ ਵੀ ਨਿਰੀਖਣ ਟੀਮਾਂ ਨੂੰ ਸਮੇ ਸਮੇ ਸਿਰ ਦੱਸੇ ਗਏ ਹਨ । ਇਨ੍ਹਾਂ ਦਾ ਵੇਰਵਾ ਹੇਠਾ ਲਿਖੇ ਅਨੁਸਾਰ ਹੈ :-

(1) ਸਕੂਲਾਂ ਨੂੰ ਸਟੇਸਨਰੀ ਗ੍ਰਾਂਟ ਵਿੱਚੋ ਲੇਜਰ ਪ੍ਰਿੰਟਰ ਖਰੀਦਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ।

(2) ਸਟੇਸਨਰੀ ਗ੍ਰਾਂਟ ਦੀ ਮੌਜੂਦਾ ਦਰ 150/-ਰੁਪਏ ਪ੍ਰਤੀ ਮਹੀਨਾ ਘੱਟ ਹੈ ਅਤੇ ਇਸ ਨੂੰ ਵਧਾਉਣ ਦੀ ਲੋੜ ਹੈ ।

3.0 ਪਹਿਲੇ ਮੁੱਦੇ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਉਹਨਾਂ ਸਾਰੇ ਸਕੂਲਾਂ, ਜਿਨ੍ਹਾਂ ਕੋਲ ਸਟੇਸਨਰੀ ਫੰਡ ਵਿੱਚ ਲੋੜੀਂਦੀ ਰਕਮ ਉਪਲਬਧ ਹੈ, ਨੂੰ ਲੇਜਰ ਪ੍ਰਿੰਟਰ ਖਰੀਦਣ ਲਈ ਪ੍ਰਵਾਨਗੀ ਦਿੱਤੀ ਜਾਂਦੀ ਹੈ । ਪਰੰਤੂ ਇਹ ਸਪੱਸਟ ਵੀ ਕੀਤਾ ਜਾਂਦਾ ਹੈ ਕਿ ਇਸ ਲਈ ਕੋਈ ਹੋਰ ਫੰਡ ਨਹੀਂ ਦਿੱਤੇ ਜਾਣਗੇ । ਪ੍ਰਿੰਟਰ ਦੀ ਖਰੀਦ ਸਿਰਫ ਨਿਯਮਾਂ ਮੁਤਾਬਿਕ ਕੀਤੀ ਜਾਵੇ ।

4.0 ਜਿੱਥੇ ਤੀਕ ਦੂਜੇ ਮੁੱਦੇ ਦਾ ਸਵਾਲ ਹੈ, ਇਹ ਦੱਸਿਆ ਜਾਂਦਾ ਹੈ ਕਿ ਸਟੇਸ਼ਨਰੀ ਗ੍ਰਾਂਟ ਹਾਲ ਵਿੱਚ ਹੀ 150/- ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 200/-ਰੁਪਏ ਪ੍ਰਤੀ ਮਹੀਨਾ ਕੀਤੀ ਗਈ ਹੈ । ਨਤੀਜੇ ਵਜੋਂ ਬਣਦੀ ਵਾਧੂ ਰਕਮ ਸਾਰੇ ਜਿਲ੍ਹਿਆਂ ਨੂੰ ਇਸ ਦਫਤਰ ਦੇ ਪੱਤਰ ਨੰ 3/2/ਆਈਸੀਟੀ2010/ਸਟੇਸ.ਗ੍ਰਾਂਟ//40528 ਮਿਤੀ 4.6.2010 ਰਾਹੀਂ ਵੰਡ ਦਿੱਤੀ ਗਈ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ